(9)

# ਸ਼੍ਰੇਣੀ ਸੱਤਵੀਂ

# ਸੰਗੀਤ ਗਾਇਨ

## ਪੇਪਰ - ੲ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

(10)

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਸਵਰ ਕਿਸਨੂੰ ਕਹਿੰਦੇ ਹਨ ?
2. ਕਿਸ ਨਾਦ ਨੂੰ ਸੰਗੀਤ ਲਈ ਉਪਯੋਗੀ ਮੰਨਿਆ ਗਿਆ ਹੈ ?
3. ਸਵਰਾਂ ਦੀ ਕੁਲ ਸੰਖਿਆ ਕਿੰਨੀ ਹੈ ?
4. ਵਾਦੀ ਸਵਰ ਨੂੰ ਹੋਰ ਕੀ ਨਾਂ ਦਿੱਤਾ ਗਿਆ ਹੈ ?
5. ਹਰਮੋਨੀਅਮ ਸ਼ਬਦ ਦੀ ਉੱਤਪਤੀ ਕਿਹੜੇ ਸ਼ਬਦ ਤੋਂ ਹੋਈ ਹੈ ?
6. ਤਿੰਨ ਤਾਲ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?
7. ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?
8. ਰਾਗ ਦੁਰਗਾ ਦੀ ਜਾਤੀ ਕੀ ਹੈ ?
9. ਰਾਗ ਭੁਪਾਲੀ ਦਾ ਗਾਇਨ ਸਮਾਂ ਕੀ ਹੈ

**[1×9= 9]**

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਅਚਲ ਅਤੇ ਚਲ ਸਵਰਾਂ ਵਿੱਚ ਕੀ ਅੰਤਰ ਹੈ ?
11. ਨਾਦ ਕਿਸਨੂੰ ਕਹਿੰਦੇ ਹਨ ਅਤੇ ਇਸਦੇ ਕਿੰਨੇ ਰੂਪ ਮੰਨੇ ਜਾਂਦੇ ਹਨ ?
12. ਵਾਦੀ ਸਵਰ ਕਿਸਨੂੰ ਕਹਿੰਦੇ ਹਨ ਅਤੇ ਇਸ ਨੂੰ ਹੋਰ ਕਿਹੜੇ-ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ ?
13. ਪਕੜ ਕਿਸਨੂੰ ਆਖਦੇ ਹਨ ? ਇਹ ਕਦੋਂ ਗਾਈ ਜਾਂਦੀ ਹੈ ?
14. ਸਵਰ ਕਿੰਨੀ ਤਰ੍ਹਾਂ ਦੇ ਹੁੰਦੇ ਹਨ ਵਰਣਨ ਕਰੋ ?
15. ਵਾਦੀ ਅਤੇ ਸਮਵਾਦੀ ਸਵਰ ਦੀ ਪਰਿਭਾਸ਼ਾ ਲਿਖੋ।
16. ਰਾਗ ਦੁਰਗਾ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ।
17. ਰਾਗ ਭੁਪਾਲੀ ਦੀ ਸਧਾਰਣ ਜਾਣ ਪਛਾਣ ਲਿਖੋ।
18. ਤਿੰਨ ਤਾਲ ਦੀ ਜਾਣ-ਪਛਾਣ ਲਿਖੋ ?
19. ਰੂਪਕ ਤਾਲ ਦਾ ਪ੍ਰਯੋਗ ਕਿਸ ਗਾਇਨ ਸ਼ੈਲੀ ਨਾਲ ਕੀਤਾ ਜਾਂਦਾ ਹੈ ?

**[3×7=21]**

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਰਾਗ ਕਿਸਨੂੰ ਆਖਦੇ ਹਨ ? ਰਾਗ ਦੇ ਕੋਈ ਪੰਜ ਨਿਯਮ ਲਿਖੋ।
21. ਹਰਮੋਨੀਅਮ ਦੀ ਜਾਣਕਾਰੀ ਦਿੰਦੇ ਹੋਏ ਇਸ ਦੇ ਭਾਗਾਂ ਦਾ ਵਰਣਨ ਕਰੋ।
22. ਰਾਗ ਭੁਪਾਲੀ ਦੇ ਦਰੁੱਤ ਖਿਆਲ ਦੀ ਸਵਰਲਿਪੀ ਲਿਖੋ।
23. ਰੂਪਕ ਤਾਲ ਦੀ ਇੱਕਗੁਣ ਲੈਅਕਾਰੀ ਲਿਖੋ।

**[5×2=10]**